**ਨਿਊਜ਼** ਰਿਲੀਜ਼

# ਕਮਿਊਨਿਟੀ ਜਸਟਿਸ ਪਹਿਲਕਦਮੀਆਂ ਨੂੰ ਸਮਰਥਨ ਦੇਣਾ

2 ਮਈ 2024

ਐਲਬਰਟਾ ਦੀ ਸਰਕਾਰ ਕਮਿਊਨਿਟੀ ਜਸਟਿਸ ਪਹਿਲਕਦਮੀਆਂ ਨੂੰ ਸਮਰਥਨ ਦੇਣ ਲਈ 961,000 ਡਾਲਰ ਦਾ ਪੂੰਜੀ-ਨਿਵੇਸ਼ ਕਰ ਰਹੀ ਹੈ, ਜਿਹੜੀਆਂ ਐਲਬਰਟਾ ਦੀਆਂ ਕਮਿਊਨਿਟੀਆਂ ਦੀਆਂ ਵਿੱਲਖਣ ਲੋੜਾਂ ਨੂੰ ਪੂਰਿਆਂ ਕਰਦੀਆਂ ਹਨ।

ਕਾਨੂੰਨੀ ਮਾਮਲਿਆਂ ਨੂੰ ਰਵਾਇਤੀ ਅਦਾਲਤੀ ਸਿਸਟਮ ਤੋਂ ਬਾਹਰ ਸੁਲਝਾ ਲੈਣਾ ਮਾਮਲੇ 'ਚ ਸ਼ਾਮਲ ਸਾਰਿਆਂ ਲਈ ਤੇਜ਼, ਸਸਤਾ ਅਤੇ ਘੱਟ ਤਣਾਉ ਵਾਲਾ ਕੰਮ ਹੈ। ਐਲਬਰਟਾ ਕਮਿਊਨਿਟੀ ਜਸਟਿਸ ਗਰਾਂਟ ਐਲਬਰਟਾ ਸਰਕਾਰ ਦੀ ਨਿਆਂ ਪ੍ਰਬੰਧ ਨੂੰ ਵਧੇਰੇ ਪਹੁੰਚਯੋਗ, ਸੰਮਿਲਤ ਅਤੇ ਸੂਬੇ ਦੀਆਂ ਵਿਭਿੰਨ ਕਮਿਊਨਿਟੀਆਂ ਦੀਆਂ ਲੋੜਾਂ ਪ੍ਰਤਿ ਜਵਾਬਦੇਹ ਬਣਾਉਣ ਦੀ ਪ੍ਰਤਿਬਧਤਾ ਨੂੰ ਦਰਸਾਉਂਦੀ ਹੈ। ਇਹ ਕ੍ਰਿਮੀਨਲ, ਫੈਮਿਲੀ ਅਤੇ ਸਿਵਲ ਨਿਆਂ ਦੇ ਮਾਮਲਿਆਂ ਨੂੰ ਹੱਲ ਕਰਨ ਲਈ ਵਧੇਰੇ ਵਿਕਲਪ ਦੇਵੇਗਾ, ਜਿਹੜੇ ਸੱਭਿਆਚਾਰਕ ਤੌਰ 'ਤੇ ਸੰਵੇਦਨਸ਼ੀਲ ਹੋਣ ਅਤੇ ਲੋਕਾਂ ਦੇ ਜੀਵਨ ਮੁੱਲਾਂ ਨਾਲ ਇਕਸਾਰ ਹੋਣ।

2023-24 ਦੇ ਵਿੱਤੀ ਵਰ੍ਹੇ ਲਈ ਸੂਬੇ ਭਰ 'ਚੋਂ ਗਰਾਂਟ ਫੰਡਿੰਗ ਲੈਣ ਵਾਸਤੇ 39 ਪ੍ਰਾਪਤਕਰਤਾ ਚੁਣੇ ਗਏ, ਜਿੰਨ੍ਹਾਂ 'ਚੋਂ ਨੌ ਕੈਲਗਰੀ 'ਚੋਂ, ਨੌਂ ਐਡਮਿੰਟਨ 'ਚੋਂ, ਪੰਜ ਦੱਖਣੀ ਐਲਬਰਟਾ 'ਚੋਂ, 11 ਕੇਂਦਰੀ ਐਲਬਰਟਾ 'ਚੋਂ ਅਤੇ ਪੰਜ ਉੱਤਰੀ ਐਲਬਰਟਾ 'ਚੋਂ ਚੁਣੇ ਗਏ। ਸੰਸਥਾਵਾਂ ਪਰਿਵਾਰਾਂ ਅਤੇ ਕਮਿਊਨਿਟੀ ਦੀ ਸਹਾਇਤਾ ਕਰਦੀਆਂ ਹਨ ਅਤੇ ਉਨ੍ਹਾਂ 'ਚ ਸ਼ਾਮਲ ਹਨ, ਇੰਡਿਜਨਸ-ਆਧਾਰਿਤ ਸੰਸਥਾਵਾਂ, ਨਾਲ ਦੀ ਨਾਲ ਸੰਸਥਾਵਾਂ, ਜੋ ਕ੍ਰਿਮੀਨਲ, ਫੈਮਿਲੀ ਲਾਅ ਨਾਲ ਸਬੰਧਤ ਮਾਮਲਿਆਂ ਅਤੇ ਕਈ ਹੋਰ ਕਾਨੂੰਨੀ ਮੁੱਦਿਆਂ ਨੂੰ ਸਮਰਪਿਤ ਹਨ।

"ਮੈਨੂੰ ਐਲਬਰਟਾ ਨਿਵਾਸੀਆਂ ਨੂੰ ਬਦਲਵੇਂ ਨਿਆਂ ਪ੍ਰਬੰਧ ਪ੍ਰਤਿ ਇਸ ਨਵੀਨਤਾ ਵਾਲੀ ਪਹੁੰਚ ਉੱਪਰ ਮਾਣ ਹੈ। ਇਹ ਗਰਾਂਟ ਆਪਣੀਆਂ ਕਮਿਊਨਿਟੀਆਂ ਨੂੰ ਵਧੇਰੇ ਚੰਗੀ ਤਰ੍ਹਾਂ ਸੇਵਾ ਦੇਣ ਲਈ ਰਵਾਇਤੀ ਅਦਾਲਤੀ ਪ੍ਰਬੰਧ ਬਦਲੇ ਕਮਿਊਨਿਟੀ ਦੁਆਰਾ ਚਲਿਤ ਬਦਲਵੇਂ ਪ੍ਰਬੰਧ ਨੂੰ ਹੁਲਾਰਾ ਦੇਣ ਲਈ ਸੰਸਥਾਵਾਂ ਦੀ ਸਹਾਇਤਾ ਕਰੇਗੀ।"

*Mickey Amery, ਮਿਨਿਸਟਰ ਆਫ ਜਸਟਿਸ ਐਂਡ ਅਟਾਰਨੀ ਜਨਰਲ*

ਐਲਬਰਟਾ ਕਮਿਊਨਿਟੀ ਜਸਟਿਸ ਗਰਾਂਟ ਉਨ੍ਹਾਂ ਸੰਸਥਾਵਾਂ ਨੂੰ ਇਕ ਵਾਰੀ ਮਿਲਣ ਵਾਲੀ 25,000 ਡਾਲਰ ਦੀ ਅਦਾਇਗੀ ਪ੍ਰਦਾਨ ਕਰੇਗੀ, ਜਿਹੜੀਆਂ ਕਈ ਪ੍ਰਕਾਰ ਦੇ ਕਾਨੂੰਨੀ ਮੁੱਦਿਆਂ ਦੇ ਹੱਲ 'ਤੇ ਕੇਂਦਰਿਤ ਕਮਿਊਨਿਟੀ ਆਧਾਰਿਤ ਪਹਿਲਕਦਮੀਆਂ ਪ੍ਰਦਾਨ ਕਰਦੀਆਂ ਹਨ। ਇੰਨ੍ਹਾਂ 'ਚ ਸ਼ਾਮਲ ਹਨ ਰੈਸਟੋਰੇਟਿਵ ਜਸਟਿਸ ਪ੍ਰੋਗਰਾਮਾਂ ਨੂੰ ਵਿਕਸਤ ਕਰਨਾਂ ਅਤੇ ਬੜ੍ਹਾਵਾ ਦੇਣਾ ਅਤੇ ਫੈਮਿਲੀ ਲਾਅ ਮਾਮਲਿਆਂ 'ਚ ਨਿਆਂ ਤੱਕ ਪਹੁੰਚ ਨੂੰ ਵਧਾਉਣਾ।

Classification: Protected A

ਹੋਰ ਪ੍ਰੋਗਰਾਮਾਂ 'ਚ ਉਹ ਪਹਿਲਕਦਮੀਆਂ ਸ਼ਾਮਲ ਹਨ ਜੋ ਜਸਟਿਸ ਸਿਸਟਮ ਪ੍ਰੋਫੈਸ਼ਨਲਾਂ ਨੂੰ ਸੱਭਿਆਚਾਰਕ ਸੁਰੱਖਿਆ ਟਰੇਨਿੰਗ ਪ੍ਰਦਾਨ ਕਰਦੀਆਂ, ਨਵੇਂ ਕੈਨੇਡਾ ਨਿਵਾਸੀਆਂ ਲਈ ਕਾਨੂੰਨੀ ਜਾਣਕਾਰੀ ਤੱਕ ਪਹੁੰਚ ਨੂੰ ਵਧਾਉਂਦੀਆਂ ਅਤੇ ਕਮਿਊਨਿਟੀ ਅੰਦਰ ਨਿਆਂਇਕ ਲੋੜਾਂ ਅਤੇ ਸੇਵਾਵਾਂ ਵਿਚਲੇ ਖੱਪਿਆਂ ਦੀ ਨਿਸ਼ਾਨਦੇਹੀ ਕਰਨ ਲਈ ਮੁਲਾਂਕਣ ਕਰਦੀਆਂ ਹਨ।

"ਐਲਬਰਟਾ ਭਰ 'ਚ ਯੂਥ ਜਸਟਿਸ ਕਮੇਟੀਆਂ ਨੌਜੁਆਨ ਲੋਕਾਂ ਨੂੰ, ਆਪਣੀਆਂ ਕਾਰਵਾਈਆਂ 'ਚ ਸੋਧਾਂ ਕਰਨ, ਲੋੜੀਂਦੇ ਸਰੋਤਾਂ ਤੱਕ ਪਹੁੰਚ ਕਰਨ ਅਤੇ ਆਪਣੀ ਕਮਿਊਨਿਟੀ 'ਚ ਸਕਾਰਾਤਮਕ ਢੰਗ ਨਾਲ ਯੋਗਦਾਨ ਪਾਉਣ 'ਚ, ਮਦਦ ਦੇਣ ਦੁਆਰਾ ਰਵਾਇਤੀ ਨਿਆਂ ਪ੍ਰਬੰਧ ਦੇ ਅਰਥਪੂਰਨ ਕਮਿਊਨਿਟੀ ਆਧਾਰਿਤ ਬਦਲ ਮੁਹੱਈਆ ਕਰਦੀਆਂ ਹਨ। ਇਹ ਗਰਾਂਟ ਇਸ ਮੁੜ-ਬਹਾਲੀ ਦੀ ਪਹੁੰਚ ਨੂੰ ਬੜਾਵਾ ਦੇਵੇਗੀ, ਜਿਸ ਨਾਲ ਨੌਜੁਆਨ ਲੋਕਾਂ, ਉਨ੍ਹਾਂ ਦੇ ਪਰਿਵਾਰਾਂ, ਪੀੜਤਾਂ, ਸਾਡੇ ਨਿਆਂ ਪ੍ਰਬੰਧ ਅਤੇ ਸਾਡੀਆਂ ਕਮਿਊਨਿਟੀਆਂ ਨੂੰ ਫੌਰੀ ਅਤੇ ਲੰਮੇ ਸਮੇਂ ਤੱਕ ਰਹਿਣ ਵਾਲੇ ਫਾਇਦੇ ਪਹੁੰਚਣਗੇ।"

Denise Blair, *ਐਗਜ਼ੈਕੁਟਿਵ ਡਾਇਰੈਕਟਰ, ਕੈਲਗਰੀ ਯੂਥ ਜਸਟਿਸ ਸੋਸਾਇਟੀ*

"ਦਿ ਫੋਰਟ ਫਾਊਂਡੇਸ਼ਨ ਕਮਿਊਨਿਟੀ ਜਸਟਿਸ ਹੱਬ ਲੋਕਾਂ ਨੂੰ ਕਾਨੂੰਨੀ ਪ੍ਰਬੰਧ ਦੀਆਂ ਪੇਚੀਦਗੀਆਂ ਰਾਹੀਂ ਗੁਜ਼ਰਨ ਲਈ ਸਸ਼ਕਤ ਕਰਦੀ ਹੈ। ਅਸੀਂ ਐਲਬਰਟਾ ਕਮਿਊਨਿਟੀ ਜਸਟਿਸ ਗਰਾਂਟ ਪ੍ਰਾਪਤ ਕਰਨ 'ਤੇ ਤਹਿ ਦਿਲੋਂ ਮਾਣ ਮਹਿਸੂਸ ਕਰਦੇ ਹਾਂ, ਗਰਾਂਟ ਜਿਹੜੀ ਸਾਨੂੰ ਫੋਰਟ ਸੈਸਕਵਨ ਐਂਡ ਰੂਰਲ ਕਮਿਊਨਿਟੀਜ਼ ਵਿਚ ਕਮਿਊਨਿਟੀ-ਚਲਿਤ ਪ੍ਰੋਗਰਾਮਾਂ 'ਚ ਵਿਸਤਾਰ ਲਿਆਉਣ ਅਤੇ ਬਰਾਬਰ ਦੇ ਨਿਆਂ ਤੱਕ ਪਹੁੰਚ ਵਧਾਉਣ ਦੇ ਯੋਗ ਬਣਾਂਵੇਗੀ।"

Sarah Spence, *ਐਗਜ਼ੈਕੁਟਿਵ ਡਾਇਰੈਕਟਰ, ਫੋਰਟ ਫਾਊਂਡੇਸ਼ਨ*

"ਇਹ ਗਰਾਂਟ ਸਾਡੀ ਏਜੰਸੀ ਦੇ ਸਟਾਫ ਨੂੰ, ਵਾਈ ਐੱਮ ਸੀ ਏ ਦੇ ਸਟਾਫ ਸਹਿਤ ਰੈਸਟੋਰੇਟਿਵ ਜਸਟਿਸ ਪ੍ਰੈਕਟਿਸਾਂ ਅਤੇ ਇੰਡਿਜਨਸ ਸਿੱਖਿਆ ਨਾਲ ਸਬੰਧਤ ਆਪਣਾ ਗਿਆਨ ਵਧਾਉਣ ਦੀ ਆਗਿਆ ਦੇਵੇਗੀ, ਜਿਸ ਨਾਲ ਡਾਇਵਰਜ਼ਨ ਫਸਟ ਪ੍ਰੋਗਰਾਮ 'ਚ ਨੌਜੁਆਨਾਂ ਨਾਲ ਸਾਡੇ ਕੰਮ ਨੂੰ ਬੜ੍ਹਾਵਾ ਅਤੇ ਡੂੰਘਾਈ ਮਿਲੇਗੀ।"

Kerry Woodland, *ਸਰਵਿਸ ਡਿਲਿਵਰੀ ਡਾਇਰੈਕਟਰ, ਬੁਆਏਜ਼ ਐਂਡ ਗਰਲਜ਼ ਕਲਬੱਜ਼ ਬਿੱਗ ਬ੍ਰਦਰਜ਼ ਬਿੱਗ ਸਿਸਟਰਜ਼ ਆਫ ਐਡਮਿੰਟਨ ਐਂਡ ਏਰੀਆ*

**ਫੌਰੀ ਤੱਥ**

- ਗਰਾਂਟਾਂ ਇਕ ਵਾਰੀ ਦੀ ਅਦਾਇਗੀ ਵਾਲੀਆਂ 5,000 ਤੋਂ ਲੈ ਕੇ ਵੱਧ ਤੋਂ ਵੱਧ 25,000 ਡਾਲਰ ਦੀਆਂ ਹਨ।
- ਬਿਨੈਕਾਰ ਅਤੇ ਫੰਡ ਕੀਤੇ ਜਾਣ ਵਾਲੀਆਂ ਪਹਿਲਕਦਮੀਆਂ ਐਲਬਰਟਾ ਆਧਾਰਿਤ ਹੋਣੇ ਚਾਹੀਦੇ ਹਨ, ਅਤੇ ਹੇਠ ਲਿਖਿਆਂ 'ਚੋਂ ਇਕ ਹੋਣੇ ਚਾਹੀਦੇ ਹਨ:
    - ਰਜਿਸਟਰ-ਸ਼ੁਦਾ ਨਾਟ-ਫਾਰ-ਪ੍ਰਾਫਿਟ ਸੰਸਥਾਵਾਂ ਅਤੇ/ਜਾਂ ਗੁੱਡ ਸਟੈਂਡਿੰਗ ਵਾਲੀਆਂ ਰਜਿਸਟਰ-ਸ਼ੁਦਾ ਚੈਰਿਟੀਆਂ

- ਫਸਟ ਨੇਸ਼ਨ, ਮੈਟਿਸ ਨੇਸ਼ਨ ਆਫ ਐਲ਼ਬਰਟਾ ਜਾਂ ਮੈਟਿਸ ਸੈਟਲਮੈਂਟਾਂ
- ਮਿਊਂਸਪੈਲਿਟੀਆਂ
- ਮਨੋਨੀਤ ਵਿੱਤੀ ਏਜੰਟ ਵਾਲੇ ਕਮਿਊਨਿਟੀ ਗਰੁੱਪ

- ਵਿਅਕਤੀ, ਫਾਰ-ਪ੍ਰਾਫਿਟ ਸੰਸਥਾਵਾਂ, ਕਰਾਊਨ ਕਾਰਪੋਰੇਸ਼ਨਾਂ, ਪੁਲਿਸ ਸੇਵਾਵਾਂ ਅਤੇ ਪਬਲਿਕ ਫੰਡ ਪ੍ਰਾਪਤ ਇੰਸਟੀਚਿਊਸ਼ਨਾਂ ਯੋਗ ਨਹੀਂ ਸਨ।
- ਹੇਠ ਲਿਖੀਆਂ ਸੰਸਥਾਵਾਂ ਗਰਾਂਟਾਂ ਪ੍ਰਾਪਤ ਕਰਨਗੀਆਂ:

**ਕੈਲਗਰੀ-ਆਧਾਰਿਤ ਸੰਸਥਾਵਾਂ:**

- ਸੇਜੈਸ ਡੋਮੈਸਿਟਕ ਵਾਇਉਲੈਂਸ ਪ੍ਰੀਵੈਂਸ਼ਨ ਸੋਸਾਇਟੀ
- ਪਾਮਿਰ ਕੈਨੇਡੀਅਨ ਮਲਟੀਕਲਚਰਲਿਜ਼ਮ ਕੌਂਸਲ
- ਐਲਬਰਟਾ ਕ੍ਰਿਮੀਨਲ ਜਸਟਿਸ ਐਸੋਸੀਏਸ਼ਨ
- ਦਿ ਕੈਲਗਰੀ ਜੌਹਨ ਹਾਵਰਡ ਸੋਸਾਇਟੀ
- ਕੈਲਗਰੀ ਯੂਥ ਜਸਟਿਸ ਸੋਸਾਇਟੀ
- ਕਾਰਿਯਾ ਸੋਸਾਇਟੀ ਆਫ ਕੈਗਲਰੀ
- ਸੁਡਾਨੀਜ਼ ਕੈਨੇਡੀਅਨ ਯੂਥ ਟਲੈਂਟ ਐਸੋਸੀਏਸ਼ਨ ਆਫ ਐਲਬਰਟਾ
- ਐਸੋਸੀਏਸ਼ਨ ਆਫ ਫੈਮਿਲੀ ਐਂਡ ਕਾਂਨਸਿਲੀਏਸ਼ਨ ਕੋਰਟਸ: ਐਲਬਰਟਾ ਚੈਪਟਰ
- ਡਾਇਵਰਸਿਟੀਜ਼ ਕਮਿਊਨਿਟੀ ਸਰਵਿਸਿਜ਼ ਐਸੋਸੀਏਸ਼ਨ

**ਐਡਮਿੰਟਨ-ਆਧਾਰਿਤ ਸੰਸਥਾਵਾਂ:**

- ਐਡਮਿੰਟਨ ਕਮਿਊਨਿਟੀ ਲੀਗਲ ਸੈਂਟਰ
- ਲੀਗਲ ਰੀਸੋਰਸ ਸੈਂਟਰ ਐਲਬਰਟਾ ਲਿਮ.
- ਜਸਟ ਬੀ ਕੋਜ਼ ਫਾਊਂਡੇਸ਼ਨ ਓਪਰੇਟਿੰਗ ਐਜ਼ ਫੋਰਟ ਫਾਊਂਡੇਸ਼ਨ
- ਬੁਆਇਜ਼ ਐਂਡ ਗਰਲਜ਼ ਕਲੱਬਜ਼ ਬਿੱਗ ਬ੍ਰਦਰਜ਼ ਬਿੱਗ ਸਿਟਟਰਜ਼ ਆਫ ਐਡਮਿੰਟਨ ਐਂਡ ਏਰੀਆ
- ਮੈਟਿਸ ਨੇਸ਼ਨ ਆਫ ਐਲਬਰਟਾ
- ਮਲਟੀਕਲਚਰਲ ਫੈਮਿਲੀ ਰਿਜ਼ੋਰਸ ਸੋਸਾਇਟੀ
- ਏ ਡੀ ਆਰ ਇੰਸਟੀਚਿਊਟ ਆਫ ਐਲਬਰਟਾ
- ਇਸਲਾਮਿਕ ਫੈਮਿਲੀ ਐਂਡ ਸੋਸ਼ਲ ਸਰਵਿਸਿਜ਼ ਐਸੋਸੀਏਸ਼ਨ
- ਰੀਚ ਐਡਮਿੰਟਨ ਕੌਂਸਲ

**ਦੱਖਣੀ ਐਲਬਰਟਾ-ਆਧਾਰਿਤ ਸੰਸਥਾਵਾਂ:**

- ਟਾਊਨ ਆਫ ਕੋਕਰੇਨ
- ਗਰੀਨਵੁੱਡ ਨੇਬਰਹੁੱਡ ਪਲੇਸ
- Tsuut’ina ਨੇਸ਼ਨ ਬੈਂਡ - ਸਟੋਨੀ ਕੁਰੈਕਸ਼ਨਜ਼ ਸੋਸਾਇਟੀ
- ਏਅਰਡਰੀ ਬੁਆਇਜ਼ ਐਂਡ ਗਰਲਜ਼ ਕਲੱਬ (BGC Airdrie Club)
- ਸਵੀਟਗਰਾਸ ਯੂਥ ਅਲਾਇੰਸ

**ਕੇਂਦਰੀ ਐਲ਼ਬਰਟਾ-ਆਧਾਰਿਤ ਸੰਸਥਾਵਾਂ:**

- ਨਾਰਥਵੈਸਟ ਸੈਂਟਰਲ ਐਲ਼ਬਰਟਾ FASD ਸਰਵਿਸਿਜ਼ ਨੈੱਟਵਰਕ ਸੋਸਾਇਟੀ (St. Albert)
- ਸੈਮਸਨ ਕਰੀ ਨੇਸ਼ਨ
- ਸੈਂਟਰਲ ਐਲਬਰਟਾ ਇੰਮੀਗਰੈਂਟ ਵੁਮੈੱਨ’ਜ਼ ਐਸੋਸੀਏਸ਼ਨ
- ਸੰਨਚਾਇਲਡ ਫਸਟ ਨੇਸ਼ਨ
- ਸ਼ਾਈਨਿੰਗ ਮਾਊਂਟੇਨਜ਼ ਲਿਵਿੰਗ ਕਮਿਊਨਿਟੀ ਸਰਵਿਸਿਜ਼
- ਜੌਹਨ ਹਾਵਰਡ ਸੋਸਾਇਟੀ ਆਫ ਰੈੱਡ ਡੀਅਰ
- ਕੋਲਡ ਲੇਕ ਫਸਟ ਨੇਸ਼ਨਜ਼
- ਯੈਲੋਹੈੱਡ ਟ੍ਰਾਈਬਲ ਡਿਵੈਲਪਮੈਂਟ ਫਾਊਂਡੇਸ਼ਨ
- ਅਲੈਗਜੈਂਡਰ ਫਸਟ ਨੇਸ਼ਨ
- ਅਲੈਕਸਿਸ ਨਾਕੋਟਾ ਸਿਔਕਸ ਨੇਸ਼ਨ
- ਪਾਲ ਫਸਟ ਨੇਸ਼ਨ

**ਉੱਤਰੀ ਐਲਬਰਟਾ-ਆਧਾਰਿਤ ਸੰਸਥਾਵਾਂ:**

- ਵੁੱਡਲੈਂਡ ਕਰੀ ਫਸਟ ਨੇਸ਼ਨ
- ਡਰਿਫਟਪਾਈਲ ਕਰੀ ਨੇਸ਼ਨ
- ਟਾਊਨ ਆਫ ਵਾਈਕੋਰਟ
- ਯੂਨੀਵਰਸਿਟੀ nuxełhot’įne thaaʔehots’į nistameyimâkanak ਬਲਿਊ ਕੁਇਲਜ਼
- ਗਰੈਂਡ ਪਰੇਰੀ ਫੈਮਿਲੀ ਐਜੂਕੇਸ਼ਨ ਸੋਸਾਇਟੀ

- ਅਰਜ਼ੀਆਂ 31 ਜਨਵਰੀ ਅਤੇ 29 ਫਰਵਰੀ 2024 ਦੇ ਦਰਮਿਆਨ ਮਨਜ਼ੂਰ ਕੀਤੀਆਂ ਗਈਆਂ ਸਨ।

**ਸਬੰਧਤ ਜਾਣਕਾਰੀ**

- ਐਲਬਰਟਾ ਕਮਿਊਨਿਟੀ ਜਸਟਿਸ ਗਰਾਂਟ
- 2024 ਐਲਬਰਟਾ ਕਮਿਊਨਿਟੀ ਜਸਟਿਸ ਗਰਾਂਟ ਰੈਸੀਪੈਂਟ

**ਮੀਡੀਆ ਇੰਨਕੁਆਰੀਆਂ**

Chinenye Anokwuru
Chinenye.Anokwuru@gov.ab.ca
780-720-1915
ਸੀਨੀਅਰ ਪ੍ਰੈੱਸ ਸੈਕਰੇਟਰੀ, ਜਸਟਿਸ